ਬਿਆਨ

# ਐਲਬਰਟਾ ਵਿੱਚ ਖਸਰੇ ਦੀ ਸਥਿਤੀ ਬਾਰੇ ਤਾਜ਼ਾ ਜਾਣਕਾਰੀ

11 ਅਪ੍ਰੈਲ, 2025 ਮੀਡੀਆ ਇੰਨਕੁਆਰੀਆਂ

ਐਲਬਰਟਾ ਦੇ ਸਿਹਤ ਦੇ ਚੀਫ ਮੈਡੀਕਲ ਅਫਸਰ ਡਾ. ਮਾਰਕ ਜੌਫ਼ ਨੇ ਐਲਬਰਟਾ ਵਿੱਚ ਖਸਰੇ ਦੀ ਸਥਿਤੀ ਅਤੇ ਐਲਬਰਟਾ ਵਾਸੀ ਆਪਣੇ ਆਪ ਨੂੰ ਕਿਵੇਂ ਬਚਾ ਸਕਦੇ ਹਨ, ਇਸ ਬਾਰੇ ਹੇਠ ਲਿਖਿਆ ਬਿਆਨ ਜਾਰੀ ਕੀਤਾ:

"ਐਲਬਰਟਾ ਸਮੇਤ, ਕੈਨੇਡਾ ਵਿੱਚ ਖਸਰੇ ਦਾ ਪ੍ਰਕੋਪ ਵਾਪਰ ਰਿਹਾ ਹੈ। 11 ਅਪ੍ਰੈਲ ਤੱਕ, ਅਸੀਂ ਸੂਬੇ ਵਿੱਚ 58 ਪੁਸ਼ਟੀਸ਼ੁਦਾ ਮਾਮਲੇ ਦੇਖੇ ਹਨ, ਅਤੇ ਅਸੀਂ ਦੱਖਣੀ ਅਤੇ ਕੇਂਦਰੀ ਜ਼ੋਨਾਂ ਅੰਦਰ ਵੱਧ ਰਹੇ ਕੇਸਾਂ ਵੱਲ ਧਿਆਨ ਦੇ ਰਹੇ ਹਾਂ। ਜਦ ਕਿ ਮਾਮਲਿਆਂ ਦੀ ਗਿਣਤੀ ਚਿੰਤਾਜਨਕ ਹੈ, ਮੈਂ ਐਲਬਰਟਾ ਵਾਸੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਬਲਿਕ ਸਿਹਤ ਅਧਿਕਾਰੀ ਪ੍ਰਭਾਵਿਤ ਕਮਿਊਨਿਟੀਆਂ ਦੀ ਸਹਾਇਤਾ ਲਈ ਕੇਸਾਂ ਦਾ ਪ੍ਰਬੰਧਨ ਕਰ ਰਹੇ ਹਨ ਅਤੇ ਨਾਲ ਹੀ ਸਥਾਨਕ ਆਗੂਆਂ ਨਾਲ ਸੰਪਰਕ ਅਤੇ ਕੰਮ ਕਰ ਰਹੇ ਹਨ।

"11 ਅਪ੍ਰੈਲ ਤੱਕ, ਖਸਰੇ ਦੇ ਅੰਦਾਜ਼ਨ 48 ਪੁਸ਼ਟੀਸ਼ੁਦਾ ਮਾਮਲਿਆਂ ਦੀ ਆਪਣੀ ਲਾਗ ਲਾ ਸਕਣ ਦੀ ਯੋਗਤਾ ਦੀ ਮਿਆਦ (ਉਹ ਸਮਾਂ ਜਦੋਂ ਵਿਅਕਤੀ ਕਿਸੇ ਹੋਰ ਵਿਅਕਤੀ ਨੂੰ ਖਸਰਾ ਸੰਚਾਰਿਤ ਕਰ ਸਕਦਾ ਹੈ) ਪੁਗਾ ਚੁੱਕਣ ਦੀ ਸੰਭਾਵਨਾ ਹੈ। ਐਪਰ, ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਇਹ ਕਮਿਊਨਿਟੀ ਵਿੱਚ ਜੋਖਮ ਨੂੰ ਦਰਸਾਉਂਦਾ ਹੋਵੇ, ਕਿਉਂਕਿ ਰੋਗ-ਪਛਾਣ ਰਹਿਤ ਖਸਰੇ ਵਾਲੇ ਲੋਕ ਹੋ ਸਕਦੇ ਹਨ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਸੂਬੇ ਵਿੱਚ ਹੋਰ ਥਾਵਾਂ ਤੋਂ ਆ ਰਹੇ ਹਨ ਜਿੱਥੇ ਇਹ ਫੈਲ ਰਿਹਾ ਹੈ, ਅਤੇ ਨਾ ਹੀ ਇਹ ਉਨ੍ਹਾਂ ਵਿਅਕਤੀਆਂ ਦੀ ਗਿਣਤੀ ਨੂੰ ਦਰਸਾਉਂਦਾ ਹੈ ਜਿਹੜੇ ਖਸਰੇ ਨੂੰ ਦਰਪੇਸ਼ ਹੋਏ ਹੋਣ।

"ਖਸਰਾ ਬਚਪਨ ਦੀਆਂ ਹੋਰ ਆਮ ਬਿਮਾਰੀਆਂ ਨਾਲੋਂ ਵਧੇਰੇ ਗੰਭੀਰ ਹੈ। ਇਹ ਨਮੂਨੀਆ, ਦਿਮਾਗ ਵਿੱਚ ਸੋਜ ਅਤੇ ਮੌਤ ਦਾ ਵੀ ਕਾਰਨ ਬਣ ਸਕਦਾ ਹੈ। ਖਸਰੇ ਦੇ ਸ਼ੁਰੂਆਤੀ ਲੱਛਣਾਂ ਵਿੱਚ ਬੁਖਾਰ, ਖੰਘ, ਨੱਕ ਵਗਣਾ, ਲਾਲ ਅੱਖਾਂ ਅਤੇ ਲਾਲ ਧੱਬੇਦਾਰ ਧੱਫੜ ਸ਼ਾਮਲ ਹਨ, ਜੋ ਬੁਖਾਰ ਸ਼ੁਰੂ ਹੋਣ ਤੋਂ ਤਿੰਨ ਤੋਂ ਸੱਤ ਦਿਨਾਂ ਬਾਅਦ ਦਿਖਾਈ ਦਿੰਦੇ ਹਨ। ਜੇਕਰ ਤੁਸੀਂ ਖਸਰੇ ਦੇ ਲੱਛਣ ਦਿਖਾ ਰਹੇ ਹੋ, ਤਾਂ ਘਰ ਰਹੋ ਅਤੇ ਹੋਰ ਦਿਸ਼ਾ-ਨਿਰਦੇਸ਼ ਲਈ 811 'ਤੇ ਕਾਲ ਕਰੋ।

“ਸੂਬੇ ਭਰ ਵਿੱਚ ਖਸਰੇ ਦੇ ਪ੍ਰਕੋਪ ਦੇ ਮੱਦੇਨਜ਼ਰ, ਮੈਂ ਸਾਰੇ ਐਲਬਰਟਾ ਵਾਸੀਆਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਪ੍ਰਕੋਪ ਬਹੁਤ ਹੱਦ ਤਕ ਰੋਕਥਾਮਯੋਗ ਹਨ। ਐਲਬਰਟਾ ਵਾਸੀ ਆਪਣੇ ਖਸਰੇ ਦੇ ਹੁਣ ਤਕ ਦੇ ਟੀਕਾਕਰਨ ਨੂੰ ਯਕੀਨੀ ਬਣਾ ਕੇ ਆਪਣੇ ਆਪ ਨੂੰ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਦੀ ਰੱਖਿਆ ਕਰ ਸਕਦੇ ਹਨ। ਖਸਰੇ ਦੀ ਰੋਕਥਾਮ ਲਈ ਖਸਰੇ ਵਾਲੇ ਟੀਕੇ ਨਾਲ ਟੀਕਾਕਰਨ ਸਭ ਤੋਂ ਮਹੱਤਵਪੂਰਨ ਜਨਤਕ ਸਿਹਤ ਇਲਾਜ ਹੈ। ਇਹ ਖਾਸ ਤੌਰ 'ਤੇ ਦੋ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਮਾਪਿਆਂ ਲਈ ਸਹੀ ਹੈ, ਜੋ ਖਸਰੇ ਦੀ ਲਾਗ ਦੇ ਨਤੀਜੇ ਵਜੋਂ ਗੰਭੀਰ ਸਿੱਟਿਆਂ ਲਈ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ।

“ਖਸਰਾ ਦਾ ਵੈਕਸੀਨ ਖਸਰੇ ਦੀ ਲਾਗ ਅਤੇ ਪੇਚੀਦਗੀਆਂ ਨੂੰ ਰੋਕਣ ਲਈ ਸੁਰੱਖਿਅਤ ਅਤੇ ਬਹੁਤ ਪ੍ਰਭਾਵਸ਼ਾਲੀ ਹੈ ਅਤੇ ਯੋਗ ਐਲਬਰਟਾ ਵਾਸੀਆਂ ਲਈ ਆਸਾਨੀ ਨਾਲ ਉਪਲਬਧ ਹੈ। ਇਹ ਦੇਖਣ ਲਈ ਕਿ ਕੀ ਤੁਸੀਂ ਵੈਕਸੀਨ ਲਗਵਾਉਣ ਦੇ ਯੋਗ ਹੋ, ਕੈਲਗਰੀ ਜਾਂ ਐਡਮਿੰਟਨ ਜ਼ੋਨ ਲਈ ਤੁਸੀਂ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਦੇ ਵਿਚਕਾਰ 811 'ਤੇ ਟੀਕਾਕਰਨ ਬੁਕਿੰਗ ਲਾਈਨ 'ਤੇ ਕਾਲ ਕਰ ਸਕਦੇ ਹੋ। ਜੇਕਰ ਤੁਸੀਂ ਐਲਬਰਟਾ ਦੇ ਕਿਸੇ ਹੋਰ ਜ਼ੋਨ ਵਿੱਚ ਰਹਿੰਦੇ ਹੋ, ਤਾਂ ਆਪਣੇ ਸਥਾਨਕ ਜਨਤਕ ਸਿਹਤ ਜਾਂ ਕਮਿਊਨਿਟੀ ਸਿਹਤ ਕੇਂਦਰ ਨਾਲ ਸੰਪਰਕ ਕਰੋ।

“ਐਲਬਰਟਾ ਹੈਲਥ alberta.ca/measles 'ਤੇ ਖਸਰੇ ਦੇ ਮਾਮਲਿਆਂ ਲਈ ਨਿਯਮਤ ਤਾਜ਼ਾ ਜਾਣਕਾਰੀ ਪ੍ਰਦਾਨ ਕਰ ਰਿਹਾ ਹੈ, ਜਿਸ ਵਿੱਚ ਉਮਰ ਸਮੂਹਾਂ ਲਈ ਵਿਸਤ੍ਰਿਤ ਡੇਟਾ, ਉਨ੍ਹਾਂ ਲੋਕਾਂ ਲਈ ਅਨੁਮਾਨਿਤ ਡੇਟਾ ਜੋ ਆਪਣੀ ਲਾਗ ਲਾ ਸਕਣ ਦੀ ਯੋਗਤਾ ਦੀ ਮਿਆਦ ਤੋਂ ਬਾਹਰ ਹਨ ਅਤੇ ਮਾਮਲਿਆਂ ਦੀ ਟੀਕਾਕਰਨ ਸਥਿਤੀ ਅਤੇ ਟੀਕਾਕਰਨ ਦੀਆਂ ਦਿੱਤੀਆਂ ਖੁਰਾਕਾਂ ਦੀ ਗਿਣਤੀ ਨਾਲ ਸਬੰਧਤ ਜਾਣਕਾਰੀ ਸ਼ਾਮਲ ਹੈ।

“ਇਹ ਮਹੱਤਵਪੂਰਨ ਹੈ ਕਿ ਐਲਬਰਟਾ ਵਾਸੀ ਖਸਰੇ ਦੇ ਫੈਲਣ ਨੂੰ ਰੋਕਣ ਲਈ ਆਪਣਾ ਹਿੱਸਾ ਪਾਉਣ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ alberta.ca/measles 'ਤੇ ਜਾਓ।”

## ਸਬੰਧਤ ਜਾਣਕਾਰੀ

- MyHealth Alberta
- Measles – Alberta.ca
- Measles Exposure in Alberta - AHS

## ਮੀਡੀਆ ਇੰਨਕੁਆਰੀਆਂ


### Andrew Livingstone

587-545-7075

ਕਮਿਊਨੀਕੇਸ਼ਨਜ਼ ਡਾਇਰੈਕਟਰ, ਹੈਲਥ